# ਆਕਾਸ਼ਵਾਣੀ ਜਲੰਧਰ

# ਰਾਸ਼ਟਰੀ ਖਬਰਾਂ ਪੰਜਾਬੀ

# 08:30

**ਮਿਤੀ :30-09-2026**

***ਪਹਿਲਾ ਬੁਲੇਟਿਨ ਦੀਆਂ ਖਾਸ ਖਬਰਾਂ***

- ਭਾਰਤੀ ਸਮੁੰਦਰੀ ਫੌਜ, ਇਸ ਸਾਲ ਆਪਣੇ ਬੇੜੇ ਵਿਚ, 18 ਜੰਗੀ ਜਹਾਜ਼ਾਂ ਨੂੰ ਸ਼ਾਮਿਲ ਕਰੇਗੀ.ਇਹ ਇਤਿਹਾਸ 'ਚ ਇੱਕ ਸਾਲ 'ਚ ਸਭ ਤੋਂ ਵੱਡਾ ਫੌਜੀ ਪਸਾਰ.

- ਵਪਾਰ ਤੇ ਸਨਅਤ ਮੰਤਰੀ ਪਿਊਸ਼ ਗੋਇਲ ਅੱਜ ਅਮਰੀਕਾ ਵਿੱਚ ਜੀ-20 ਦੇਸ਼ਾਂ ਦੇ ਮੰਤਰੀਆਂ ਨਾਲ ਇੱਕ ਮੀਟਿੰਗ ਵਿੱਚ ਹਿੱਸਾ ਲੈਣਗੇ.

- ਗ੍ਰਹਿ ਮੰਤਰੀ ਅਮਿਤ ਸ਼ਾਹ ਅੱਜ ਪੰਜਾਬ ਦੇ ਜਲੰਧਰ ਵਿੱਚ 'ਨਸ਼ਾ ਮੁਕਤ ਪੰਜਾਬ ਯਾਤਰਾਵਾਂ' ਦੀ ਸਮਾਪਤੀ ਮੌਕੇ ਸ਼ਾਮਿਲ ਹੋਣਗੇ.

- ਭਾਰਤ ਨੇ ਇੱਕ ਪ੍ਰਮਾਣੂ ਹਥਿਆਰ-ਮੁਕਤ ਸੰਸਾਰ ਅਤੇ ਸਾਰੇ ਪ੍ਰਮਾਣੂ ਹਥਿਆਰਾਂ ਦੇ ਸੰਪੂਰਨ ਖਾਤਮੇ ਪ੍ਰਤੀ ਆਪਣੀ ਵਚਨਬੱਧਤਾ ਦੁਹਰਾਈ ।

- ਜੰਮੂ-ਕਸ਼ਮੀਰ ਦੇ ਬਡਗਾਮ ਜ਼ਿਲ੍ਹੇ 'ਚ ਸੁਰੱਖਿਆ ਬਲਾਂ ਨਾਲ ਮੁਕਾਬਲੇ ਵਿੱਚ ਲਸ਼ਕਰ-ਏ-ਤੋਇਬਾ ਦਾ ਇੱਕ ਚੋਟੀ ਦਾ ਦਹਿਸ਼ਤਗਰਦ ਮਾਰਿਆ ਗਿਆ ਏ ।

- 2026 ਏਸ਼ੀਆਈ ਖੇਡਾਂ ਵਿੱਚ, ਭਾਰਤ ਦੀ ਔਰਤਾਂ ਦੀ ਕੰਪਾਊਂਡ ਤੀਰਅੰਦਾਜ਼ੀ ਟੀਮ ਨੇ ਚੀਨ ਨੂੰ ਹਰਾ ਕੇ ਸੋਨੇ ਦਾ ਤਮਗਾ ਜਿੱਤਿਆ ਏ.

### *ਹੁਣ ਖਬਰਾਂ ਵਿਸਥਾਰ ਨਾਲ*

ਰੱਖਿਆ ਮੰਤਰੀ ਰਾਜਨਾਥ ਸਿੰਘ ਨੇ 2026 ਨੂੰ ਭਾਰਤੀ ਸਮੁੰਦਰੀ ਫੌਜ ਲਈ ਇੱਕ ਇਤਿਹਾਸਕ ਸਾਲ ਦੱਸਿਆ। ਇਸ ਸਾਲ 18 ਜੰਗੀ ਜਹਾਜ਼ਾਂ ਨੂੰ ਸ਼ਾਮਿਲ ਕਰਨ ਜਾਂ ਕਮਿਸ਼ਨ ਕਰਨ ਦੀ ਯੋਜਨਾ ਏ । ਕੱਲ੍ਹ ਨਵੀਂ ਦਿੱਲੀ ਵਿੱਚ ਭਾਰਤੀ ਸਮੁੰਦਰੀ ਫੌਜ ਦੀ ਦੋ-ਸਾਲਾ ਕਮਾਂਡਰਜ਼ ਕਾਨਫਰੰਸ 2026 ਦੇ ਦੂਜੇ ਐਡੀਸ਼ਨ ਨੂੰ ਸੰਬੋਧਨ ਕਰਦੇ ਹੋਏ, ਸ਼੍ਰੀ ਸਿੰਘ ਨੇ ਕਿਹਾ ਕਿ ਇਹ ਵਿਕਸਿਤ ਭਾਰਤ ਦੇ ਘਰੇਲੂ ਜਹਾਜ਼ ਨਿਰਮਾਣ ਪ੍ਰਣਾਲੀ ਦੀ ਵਧਦੀ ਪਰਿਪੱਕਤਾ ਨੂੰ ਦਰਸਾਉਂਦਾ ਏ. ਰੱਖਿਆ ਖੇਤਰ ਵਿੱਚ ਆਤਮ -

ਨਿਰਭਰਤਾ ਪ੍ਰਾਪਤ ਕਰਨ ਲਈ ਸਮੁੰਦਰੀ ਫੌਜ ਦੇ ਯਤਨਾਂ ਨੂੰ ਉਜਾਗਰ ਕਰਦੇ ਹੋਏ, ਰੱਖਿਆ ਮੰਤਰੀ ਨੇ ਜ਼ੋਰ ਦੇ ਕੇ ਕਿਹਾ ਕਿ ਭਾਰਤੀ ਸਮੁੰਦਰੀ ਫੌਜ ਦੀ ਜੰਗੀ ਜਹਾਜ਼ ਉਤਪਾਦਨ ਪ੍ਰਣਾਲੀ ਹੁਣ ਵਿਸ਼ਵ ਪੱਧਰੀ ਮਾਪਦੰਡਾਂ ਨੂੰ ਪੂਰਾ ਕਰਦੀ ਏ। ਉਨ੍ਹਾਂ ਕਿਹਾ ਕਿ ਹਾਲ ਹੀ ਵਿੱਚ ਕਮਿਸ਼ਨ ਕੀਤੇ ਗਏ ਜੰਗੀ ਜਹਾਜ਼ਾਂ ਵਿੱਚ 75 ਫੀਸਦੀ ਤੋਂ ਵੱਧ ਸਵਦੇਸ਼ੀ ਸਮੱਗਰੀ ਏ। ਮੌਜੂਦਾ ਪ੍ਰਣਾਲੀਆਂ ਦੀ ਮਹੱਤਤਾ ਨੂੰ ਪਛਾਣਦੇ ਹੋਏ, ਰੱਖਿਆ ਮੰਤਰੀ ਨੇ ਭਾਰਤ ਦੇ ਸਮੁੰਦਰੀ ਨਿਗਰਾਨੀ ਪ੍ਰਣਾਲੀ ਦੇ ਮਹੱਤਵਪੂਰਨ ਅਪਗ੍ਰੇਡ ਲਈ ਕਿਹਾ। ਉਨ੍ਹਾਂ ਕਿਹਾ ਕਿ ਸਮੁੰਦਰੀ ਆਵਾਜਾਈ ਦੀ ਵਧਦੀ ਗਿਣਤੀ ਅਤੇ ਪੇਚੀਦਗੀ ਲਈ ਅਤਿ - ਵਿਸ਼ਲੇਸ਼ਣਾਤਮਕ ਸਮਰੱਥਾਵਾਂ ਦੀ ਲੋੜ ਏ। ਰੱਖਿਆ ਮੰਤਰੀ ਨੇ ਕਿਹਾ ਕਿ ਚੱਲ ਰਹੇ "ਆਪ੍ਰੇਸ਼ਨ ਊਰਜਾ ਸੁਰੱਖਿਆ" ਨੇ ਇੱਕ ਵਾਰ ਫਿਰ ਦੇਸ਼ ਦੀਆਂ ਊਰਜਾ ਸਪਲਾਈ ਲਾਈਨਾਂ ਅਤੇ ਰਾਸ਼ਟਰੀ ਹਿੱਤਾਂ ਦੀ ਰਾਖੀ ਲਈ ਭਾਰਤੀ ਸਮੁੰਦਰੀ ਫੌਜ ਦੀ ਪੇਸ਼ੇਵਰ ਯੋਗਤਾ ਅਤੇ ਸੰਚਾਲਨ ਤਿਆਰੀ ਦਾ ਵਿਖਾਲਾ ਕੀਤਾ ਏ। ਉਨ੍ਹਾਂ ਕਿਹਾ ਕਿ ਭਾਰਤ ਇੱਕ ਸੰਕਟ ਦੇ ਸਮੇਂ ਵਿਚ ਸਹਾਇਤਾ ਪਹੁੰਚਾਉਣ ਵਾਲਾ ਦੇਸ਼, ਇੱਕ ਤਰਜੀਹੀ ਸੁਰੱਖਿਆ ਭਾਈਵਾਲ, ਅਤੇ ਹਿੰਦ ਮਹਾਸਾਗਰ ਖੇਤਰ ਵਿੱਚ ਭਰੋਸੇ ਦੇ ਪ੍ਰਤੀਕ ਵਜੋਂ ਮਜ਼ਬੂਤੀ ਨਾਲ ਖੜ੍ਹਾ ਏ। ਇਸ ਨਾਲ ਭਾਰਤ ਦਾ ਮਹਾਸਾਗਰ ਦ੍ਰਿਸ਼ਟੀਕੋਣ ਹੋਰ ਮਜ਼ਬੂਤ ਹੋ ਰਿਹਾ ਏ। ਰੱਖਿਆ ਮੰਤਰੀ ਨੇ ਕਿਹਾ ਕਿ ਦੱਖਣੀ ਚੀਨ ਸਾਗਰ, ਭੂਮੱਧ ਸਾਗਰ ਅਤੇ ਅਟਲਾਂਟਿਕ ਮਹਾਸਾਗਰ ਵਿੱਚ ਭਾਰਤੀ ਜੰਗੀ ਜਹਾਜ਼ਾਂ ਦੀ ਮੌਜੂਦਗੀ ਦੇਸ਼ ਦੀ ਸਮੁੰਦਰੀ ਫੌਜ ਦੀ ਸਮਰੱਥਾ ਨੂੰ ਦਰਸਾਉਂਦੀ ਏ।

---

ਰਖਿਆ ਸਨਅਤ ਅਤੇ ਲਾਜਿਸਟਿਕ ਸਹਿਯੋਗ ‘ਤੇ ਭਾਰਤ-ਕੋਰੀਆ ਗਣਰਾਜ ਦੀ 10ਵੀਂ ਸਾਂਝੀ ਕਮੇਟੀ JCM ਦੀ ਮੀਟਿੰਗ ਕੱਲ੍ਹ ਨਵੀਂ ਦਿੱਲੀ ਵਿੱਚ ਹੋਈ। ਰੱਖਿਆ ਮੰਤਰਾਲੇ ਨੇ ਕਿਹਾ ਏ ਕਿ ਦੋਵਾਂ ਦੇਸ਼ਾਂ ਨੇ ਰੱਖਿਆ ਸਨਅਤ ਅਤੇ ਲੌਜਿਸਟਿਕਸ ਖੇਤਰਾਂ ਵਿੱਚ ਚੱਲ ਰਹੇ ਦੁਵੱਲੇ ਸਹਿਯੋਗ ਦੀ ਸਮੀਖਿਆ ਕੀਤੀ। ਮੰਤਰਾਲੇ ਨੇ ਰੱਖਿਆ ਸਬੰਧਾਂ ਨੂੰ ਹੋਰ ਮਜ਼ਬੂਤ ਅਤੇ ਇਹਨਾਂ ਦਾ ਪਸਾਰ ਕਰਨ ਦੇ ਤਰੀਕਿਆਂ 'ਤੇ ਚਰਚਾ ਕੀਤੀ।

---

ਵਪਾਰ ਤੇ ਸਨਅਤ ਮੰਤਰੀ ਪਿਊਸ਼ ਗੋਇਲ ਅੱਜ ਅਮਰੀਕਾ ਵਿੱਚ ਜੀ-20 ਦੇਸ਼ਾਂ ਦੇ ਮੰਤਰੀਆਂ ਨਾਲ ਇੱਕ ਮੀਟਿੰਗ ਵਿੱਚ ਸ਼ਾਮਿਲ ਹੋਣਗੇ। ਇਹ ਮੀਟਿੰਗ, ਅਮਰੀਕੀ ਵਪਾਰ ਪ੍ਰਤੀਨਿਧੀ ਜੇਮਿਸਨ ਗ੍ਰੀਰ ਦੇ ਸੱਦੇ 'ਤੇ ਹੋ ਰਹੀ ਏ । ਅਮਰੀਕਾ ਦੀ ਆਪਣੀ ਯਾਤਰਾ ਦੌਰਾਨ, ਸ੍ਰੀ ਗੋਇਲ ਆਪਣੇ ਅਮਰੀਕੀ ਹਮਰੁਤਬਾ ਨਾਲ ਭਾਰਤ-ਅਮਰੀਕਾ ਦੁਵੱਲੇ ਵਪਾਰ ਸਮਝੌਤੇ 'ਤੇ ਗੱਲਬਾਤ ਨੂੰ ਅੱਗੇ ਵਧਾਉਣ ਦੇ ਤਰੀਕਿਆਂ 'ਤੇ ਵੀ ਚਰਚਾ ਕਰਨਗੇ। ਵਪਾਰ ਮੰਤਰਾਲੇ ਨੇ ਕਿਹਾ ਏ ਕਿ ਇਸ ਸਾਲ 7 ਫਰਵਰੀ ਨੂੰ ਜਾਰੀ ਕੀਤੇ ਗਏ ਸਾਂਝੇ ਬਿਆਨ ਮੁਤਾਬਿਕ, ਵਿਚਾਰ-ਵਟਾਂਦਰੇ ਅੰਤਰਿਮ ਸਮਝੌਤੇ ਨੂੰ ਅੰਤਿਮ ਰੂਪ ਦੇਣ 'ਤੇ ਕੇਂਦ੍ਰਿਤ ਹੋਣਗੇ।

ਸ੍ਰੀ ਗੋਇਲ 29 ਸਤੰਬਰ ਤੋਂ 5 ਅਕਤੂਬਰ ਤੱਕ ਅਮਰੀਕਾ ਦਾ ਦੌਰਾ ਕਰ ਰਹੇ ਸੀ , ਜਿੱਥੇ ਉਹ ਜੀ-20 ਮੀਟਿੰਗ ਵਿੱਚ ਵਿਸ਼ਵ ਵਪਾਰ

ਸੰਗਠਨ ਦੇ ਕੇਂਦਰ ਵਿੱਚ ਭਾਰਤ ਦੇ ਨਾਲ ਇੱਕ ਨੇਮ – ਅਧਾਰਿਤ, ਖੁਲੀ, ਸਮਾਵੇਸ਼ੀ ਅਤੇ ਪਾਰਦਰਸ਼ੀ ਬਹੁਪੱਖੀ ਵਪਾਰ ਪ੍ਰਣਾਲੀ ਨੂੰ ਮਜ਼ਬੂਤ ਕਰਨ 'ਤੇ ਚਰਚਾ ਕਰਨਗੇ। ਇਸ ਯਾਤਰਾ ਦੌਰਾਨ, ਸ਼੍ਰੀ ਗੋਇਲ ਨਿਰਮਾਣ, ਖਪਤਕਾਰ ਵਸਤਾਂ, ਖੇਤੀਬਾੜੀ ਕਾਰੋਬਾਰ, ਪ੍ਰਚੂਨ ਅਤੇ ਤਕਨੋਲਜੀ ਸਮੇਤ ਵੱਖ-ਵੱਖ ਖੇਤਰਾਂ ਦੀਆਂ ਪ੍ਰਮੁੱਖ ਅਮਰੀਕੀ ਕੰਪਨੀਆਂ ਦੇ ਸੀਈਓਜ਼ ਨਾਲ ਵੀ ਮੁਲਾਕਾਤ ਕਰਨਗੇ।

---------------------------------------------------------------

ਗ੍ਰਹਿ ਮੰਤਰੀ ਅਮਿਤ ਸ਼ਾਹ ਅੱਜ ਜਲੰਧਰ ਵਿੱਚ 'ਨਸ਼ਾ ਮੁਕਤ ਪੰਜਾਬ ਯਾਤਰਾਵਾਂ' ਦੀ ਸਮਾਪਤੀ ਮੌਕੇ ਪੰਜਾਬ ਦਾ ਦੌਰਾ ਕਰ ਰਹੇ ਨੇ. ਉਹ ਇਸ ਮੌਕੇ ਇਕੱਠ ਨੂੰ ਸੰਬੋਧਨ ਵੀ ਕਰਨਗੇ।ਗ੍ਰਹਿ ਮੰਤਰੀ ਦੇ ਦੌਰੇ ਦੇ ਮੱਦੇਨਜ਼ਰ, ਜਲੰਧਰ ਵਿੱਚ “No Flying Zone” ਐਲਾਨਿਆ ਗਿਆ ਏ। ਬੀਜੇਪੀ ਦੇ ਰਾਸ਼ਟਰੀ ਪ੍ਰਧਾਨ ਨਿਤਿਨ ਨਬੀਨ ਨੇ 18 ਸਿਤੰਬਰ ਨੂੰ ਪਠਾਨਕੋਟ ਤੋਂ ਇਸ ਯਾਤਰਾ ਦੀ ਸ਼ੁਰੂਆਤ ਕੀਤੀ ਸੀ। ਇਹ ਮੌਜੂਦਾ ਸਮੇਂ ਵਿੱਚ ਪੰਜਾਬ ਨੂੰ ਦਰਪੇਸ਼ ਤਿੰਨ ਵੱਡੀਆਂ ਚੁਣੌਤੀਆਂ - ਵਧਦੀ ਨਸ਼ਾਖੋਰੀ, ਵਿਗੜਦੀ ਕਾਨੂੰਨ ਵਿਵਸਥਾ ਅਤੇ ਸ਼ਾਸਨ ਦੇ ਹਰ ਪੱਧਰ 'ਤੇ ਭ੍ਰਿਸ਼ਟਾਚਾਰ 'ਤੇ ਕੇਂਦ੍ਰਿਤ ਏ।

13 ਦਿਨਾਂ ਦੌਰਾਨ 4 ਪੜਾਵਾਂ ‘ਚ ਸਾਰੇ 117 ਵਿਧਾਨ ਸਭਾ ਹਲਕਿਆਂ ਨੂੰ ਕਵਰ ਕਰਦਿਆਂ 4 ਹਜ਼ਾਰ ਕਿਲੋਮੀਟਰ ਦਾ ਸਫ਼ਰ ਤੈਅ ਕਰਨ ਕਰਨ ਦੇ ਬਾਅਦ ਇਹ ਯਾਤਰਾਵਾਂ ਅੱਜ ਖਤਮ ਹੋ ਰਹੀਆਂ ਨੇ.

---------------------------------------------------------------

ਭਾਰਤ ਨੇ ਇੱਕ ਪ੍ਰਮਾਣੂ ਹਥਿਆਰ-ਮੁਕਤ ਸੰਸਾਰ ਅਤੇ ਸਾਰੇ ਪ੍ਰਮਾਣੂ ਹਥਿਆਰਾਂ ਦੇ ਸੰਪੂਰਨ ਖਾਤਮੇ ਪ੍ਰਤੀ ਆਪਣੀ ਵਚਨਬੱਧਤਾ ਦੁਹਰਾਈ ਏ । ਵਿਦੇਸ਼ ਮੰਤਰਾਲੇ ਦੇ ਪੱਛਮੀ ਮਾਮਲਿਆਂ ਬਾਰੇ ਸਕੱਤਰ ਸਿਬੀ ਜਾਰਜ ਨੇ ਨਿਊ ਯਾਰਕ ਵਿੱਚ ਸੰਯੁਕਤ ਰਾਸ਼ਟਰ ਦੇ ਮੁੱਖ ਦਫਤਰ ਵਿਖੇ ਪ੍ਰਮਾਣੂ ਹਥਿਆਰਾਂ ਦੇ ਸੰਪੂਰਨ ਖਾਤਮੇ ਲਈ ਅੰਤਰਰਾਸ਼ਟਰੀ ਦਿਵਸ ਮਨਾਉਣ ਲਈ ਹੋਈ ਉੱਚ-ਪੱਧਰੀ ਮੀਟਿੰਗ ਵਿੱਚ ਭਾਰਤ ਦਾ ਬਿਆਨ ਦਿੱਤਾ। ਇਸ ਤੋਂ ਪਹਿਲਾਂ, ਸ਼੍ਰੀ ਜਾਰਜ ਨੇ ਸੰਯੁਕਤ ਰਾਸ਼ਟਰ ਮਹਾਸਭਾ ਦੌਰਾਨ ਨਸਲਵਾਦ, ਨਸਲੀ ਵਿਤਕਰੇ, ਵਿਦੇਸ਼ੀ ਲੋਕਾਂ ਪ੍ਰਤੀ ਨਫਰਤ ਅਤੇ ਸੰਬੰਧਿਤ ਅਸਹਿਣਸ਼ੀਲਤਾ ਦਾ ਮੁਕਾਬਲਾ ਕਰਨ ਲਈ ਭਾਰਤ ਦੀ ਵਚਨਬੱਧਤਾ ਨੂੰ ਦੁਹਰਾਇਆ ਸੀ। ਪਿਛਲੇ ਹਫ਼ਤੇ, ਉਨ੍ਹਾਂ ਨੇ ਸੰਯੁਕਤ ਰਾਸ਼ਟਰ ਮਹਾਸਭਾ ਦੇ ਇੱਕ ਉੱਚ-ਪੱਧਰੀ ਸਮਾਗਮ ਵਿੱਚ ਸੱਭਿਆਚਾਰਕ ਵਿਰਸੇ ਦੀ ਵਾਪਸੀ ਲਈ ਮਜ਼ਬੂਤ ਅੰਤਰਰਾਸ਼ਟਰੀ ਸਹਿਯੋਗ ਦੀ ਜ਼ਰੂਰਤ 'ਤੇ ਵੀ ਜ਼ੋਰ ਦਿੱਤਾ।

-----------------------------------------------------------

ਜੰਮੂ-ਕਸ਼ਮੀਰ ਦੇ ਬਡਗਾਮ ਜ਼ਿਲ੍ਹੇ ਦੇ ਪਹਾੜੀ ਇਲਾਕੇ ਵਿੱਚ ਬੀਤੀ ਦੇਰ ਸ਼ਾਮ ਸੁਰੱਖਿਆ ਬਲਾਂ ਨਾਲ ਹੋਏ ਮੁਕਾਬਲੇ ਵਿੱਚ ਲਸ਼ਕਰ-ਏ-ਤੋਇਬਾ ਦਾ ਇੱਕ ਚੋਟੀ ਦਾ ਦਹਿਸ਼ਤਗਰਦ ਮਾਰਿਆ ਗਿਆ ਏ । ਭਾਰਤੀ ਫੌਜ ਦੀ ਕਸ਼ਮੀਰ ਸਥਿਤ ਚਿਨਾਰ ਕੋਰ ਨੇ ਮਾਰੇ ਗਏ ਦਹਿਸ਼ਤਗਰਦ ਦੀ ਪਛਾਣ ਉਜਾਗਰ ਨਹੀਂ ਕੀਤੀ, ਪਰ ਅਧਿਕਾਰੀਆਂ ਨੇ ਉਸਦੀ ਪਛਾਣ ਸੁਲੇਮਾਨ ਸ਼ਾਹ ਉਰਫ਼ 'ਮੂਸਾ' ਵਜੋਂ ਕੀਤੀ। 'ਮੂਸਾ' ਪਾਕਿਸਤਾਨ ਸਥਿਤ

ਲਸ਼ਕਰ-ਏ-ਤੋਇਬਾ ਦਾ ਇੱਕ ਅਤਿ ਲੋੜੀਂਦਾ  ਦਹਿਸ਼ਤਗਰਦ ਸੀ। ਚਿਨਾਰ ਕੋਰ ਨੇ ਇੱਕ ਸੋਸ਼ਲ ਮੀਡੀਆ ਪੋਸਟ ਵਿੱਚ ਦੱਸਿਆ ਕਿ ਬਡਗਾਮ ਦੇ ਯੂਸਮਰਗ ਨੇੜੇ ਕੋਰਗ ਵਿੱਚ ਫੌਜ, ਪੁਲਿਸ ਅਤੇ ਕੇਂਦਰੀ ਰਾਖਵਾਂ ਪੁਲਿਸ ਬਲ ਵਲੋਂ ਸਾਂਝੇ ਤੌਰ 'ਤੇ 'ਆਪ੍ਰੇਸ਼ਨ ਕੋਰਗ' ਚਲਾਇਆ ਗਿਆ । ਆਖਰੀ ਖਬਰਾਂ ਮਿਲਣ ਤੱਕ ਇਹ ਕਾਰਵਾਈ ਜਾਰੀ ਸੀ। ਖਬਰ ਏਜੰਸੀਆਂ ਮੁਤਾਬਿਕ, ਮੂਸਾ ਜੰਮੂ-ਕਸ਼ਮੀਰ ਵਿੱਚ ਕਈ ਹਮਲਿਆਂ ਵਿੱਚ ਸ਼ਾਮਿਲ ਹੋਣ ਲਈ ਲੋੜੀਂਦਾ ਸੀ। ਉਹ 5 ਸਤੰਬਰ ਨੂੰ ਯੂਸਮਰਗ ਪਹਾੜੀਆਂ ਵਿੱਚ ਹੋਏ ਮੁਕਾਬਲੇ ਤੋਂ ਬਚ ਗਿਆ ਸੀ, ਜਿਸ ਵਿੱਚ ਉਸਦਾ ਕਰੀਬੀ ਸਾਥੀ ਯਾਸਿਰ ਮਾਰਿਆ ਗਿਆ ਸੀ।

--------------------------------------------------------

ਸੁਪਰੀਮ ਕੋਰਟ ਨੇ ਨਿੱਜੀ ਹਸਪਤਾਲਾਂ ਵੱਲੋਂ ਕੈਂਸਰ ਦਵਾਈਆਂ 'ਤੇ ਵਸੂਲੇ ਜਾ ਰਹੇ ਬੇਹਦ ਜ਼ਿਆਦਾ ਮੁਨਾਫ਼ੇ 'ਤੇ ਚਿੰਤਾ ਪ੍ਰਗਟ ਕਰਦਿਆਂ ਇਸਨੂੰ "ਅਨਿਆ" ਦੱਸਿਆ ਏ ਅਤੇ ਸਾਰੀਆਂ ਦਵਾਈਆਂ 'ਤੇ ਇੱਕਸਾਰ 16 ਫੀਸਦੀ ਮਾਰਜਿਨ ਦੀ ਵਕਾਲਤ ਕੀਤੀ ਏ । ਜਸਟਿਸ ਵਿਕਰਮ ਨਾਥ ਅਤੇ ਸੰਦੀਪ ਮਹਿਤਾ ਦੀ ਬੈਂਚ ਨੇ ਕੇਂਦਰ ਸਰਕਾਰ ਨੂੰ ਉਨ੍ਹਾਂ ਇਲਜ਼ਾਮਾਂ ਦੀ ਜਾਂਚ ਕਰਨ ਲਈ ਕਿਹਾ ਏ ਕਿ ਕਾਰਪੋਰੇਟ ਹਸਪਤਾਲ ਮਰੀਜ਼ਾਂ ਨੂੰ ਆਪਣੀਆਂ ਜਾਂ ਨਾਮਜ਼ਦ ਫਾਰਮੇਸੀਆਂ ਤੋਂ ਦਵਾਈਆਂ ਖਰੀਦਣ ਲਈ ਮਜਬੂਰ ਕਰਦੇ ਨੇ. ਬੈਂਚ ਨੇ ਕਿਹਾ ਕਿ ਇਸ ਤਰ੍ਹਾਂ ਦੇ ਤਰੀਕੇ ਮਰੀਜ਼ਾਂ ਅਤੇ ਟੈਕਸ ਦੇਣ ਵਾਲਿਆਂ 'ਤੇ ਬੋਝ ਪਾ ਸਕਦੇ ਨੇ, ਖਾਸ ਕਰਕੇ ਜਦੋਂ ਇਲਾਜ ਸਰਕਾਰੀ ਯੋਜਨਾਵਾਂ ਦੇ ਅਧੀਨ ਆਉਂਦਾ ਏ ।

---

ਭਾਰਤ ਅਤੇ ਇਟਲੀ ਸੈਰ-ਸਪਾਟਾ ਖੇਤਰ ਵਿੱਚ ਦੁਵੱਲੇ ਸਹਿਯੋਗ ਨੂੰ ਹੋਰ ਮਜ਼ਬੂਤ ਕਰਨ ਲਈ ਸਹਿਮਤ ਹੋਏ ਨੇ. ਇਹ ਸਮਝੌਤਾ ਕੱਲ੍ਹ ਇਟਲੀ ਵਿੱਚ ਹੋਈ ਸੈਰ  ਸਪਾਟੇ ਬਾਰੇ ਭਾਰਤ-ਇਟਲੀ ਸਾਂਝੇ ਵਰਕਿੰਗ ਗਰੁੱਪ ਦੀ ਮੀਟਿੰਗ ਵਿੱਚ ਹੋਇਆ।

---

ਕਜ਼ਾਕਸਤਾਨ ਦੇ ਓਸਕੇਮੇਨ ਵਿੱਚ, ਭਾਰਤ-ਕਜ਼ਾਕਸਤਾਨ ਸਾਂਝੀਆਂ ਫੌਜੀ ਮਸ਼ਕਾਂ KAZIND-2026 ਦਾ ਉਦਘਾਟਨ ਸਮਾਰੋਹ ਹੋਇਆ. ਇਹ ਮਸ਼ਕਾਂ ਸਾਂਝੇ ਸਿਖਲਾਈ ਪੜਾਅ ਦੀ ਸ਼ੁਰੂਆਤ ਨੂੰ ਦਰਸਾਉਂਦੀਆਂ ਨੇ । ਰੱਖਿਆ ਮੰਤਰਾਲੇ ਨੇ ਕਿਹਾ ਕਿ ਕੱਲ੍ਹ ਹੋਈਆਂ ਇਹਨਾਂ ਮਸ਼ਕਾਂ  ਦਾ ਉਦੇਸ਼ ਸੰਯੁਕਤ ਰਾਸ਼ਟਰ ਦੇ ਆਦੇਸ਼ ਤਹਿਤ ਨੀਮ-ਰਵਾਇਤੀ ਮਾਹੌਲ ਵਿੱਚ ਦਹਿਸ਼ਤਗਰਦੀ ਵਿਰੋਧੀ ਸਾਂਝੀਆਂ ਕਾਰਵਾਈਆਂ ਕਰਨ ਲਈ ਦੋਵਾਂ ਫੌਜਾਂ ਦੀ ਅੰਤਰ-ਕਾਰਜਸ਼ੀਲਤਾ ਨੂੰ ਵਧਾਉਣਾ ਅਤੇ ਸਮਰੱਥਾਵਾਂ ਨੂੰ ਮਜ਼ਬੂਤ ਕਰਨਾ ਏ ।

---

ਮਰਦਾਂ ਦੇ ਕ੍ਰਿਕੇਟ ਵਿਚ ਭਾਰਤ ਅਤੇ ਵੈਸਟਇੰਡੀਜ਼ ਵਿਚਕਾਰ ਤਿੰਨ ਦਿਨਾਂ ਲੜੀ ਦਾ ਦੂਜਾ ਮੈਚ ਅੱਜ ਗੁਹਾਟੀ ਦੇ ਬਾਰਸਾਪਾਰਾ ਕ੍ਰਿਕੇਟ ਸਟੇਡੀਅਮ ਵਿੱਚ ਖੇਡਿਆ ਜਾਵੇਗਾ। ਮੈਚ ਦੁਪਹਿਰ ਬਾਅਦ 2 ਵਜੇ ਸ਼ੁਰੂ ਹੋਵੇਗਾ।

---

2026 ਏਸ਼ੀਆਈ ਖੇਡਾਂ ਵਿੱਚ, ਭਾਰਤ ਦੀ ਔਰਤਾਂ ਦੀ ਕੰਪਾਊਂਡ ਤੀਰਅੰਦਾਜ਼ੀ ਟੀਮ ਨੇ ਅੱਜ ਫਾਈਨਲ ਵਿੱਚ ਚੀਨ ਨੂੰ ਹਰਾ ਕੇ ਸੋਨੇ ਦਾ ਤਮਗਾ ਜਿੱਤਿਆ ਏ. ਜਯੋਤੀ ਸੁਰਖਾ ਵੇਨੰਮ, ਚਿਕਿਥਾ ਤਾਨੀਪਾਰਥੀ ਅਤੇ ਪ੍ਰਿਤਿਕਾ ਪ੍ਰਦੀਪ ਦੀ ਭਾਰਤੀ ਟੀਮ ਨੇ ਸੈਮੀਫਾਈਨਲ ਵਿੱਚ ਦੱਖਣੀ ਕੋਰੀਆ ਨੂੰ ਹਰਾ ਕੇ ਫਾਈਨਲ ਵਿੱਚ ਥਾਂ ਬਣਾਈ ਸੀ. ਭਾਰਤ ਨੇ ਹਾਂਗਜ਼ੂ ਵਿੱਚ 2023 ਏਸ਼ੀਆਈ ਖੇਡਾਂ ਵਿੱਚ ਔਰਤਾਂ ਦੇ ਕੰਪਾਊਂਡ ਟੀਮ ਮੁਕਾਬਲੇ ਵਿੱਚ ਵੀ ਸੋਨੇ ਦਾ ਤਮਗਾ ਜਿੱਤਿਆ। ਭਾਰਤ ਹੁਣ ਸੱਤ ਸੋਨੇ ਦੇ , 21 ਚਾਂਦੀ ਦੇ ਅਤੇ 25 ਕਾਂਸੀ ਦੇ ਤਮਗਿਆਂ ਸਮੇਤ ਕੁੱਲ 53 ਤਗਮਿਆਂ ਨਾਲ ਨੌਵੇਂ ਸਥਾਨ 'ਤੇ ਏ ।

---------------------------------------------------------------------

- ਭਾਰਤੀ ਸਮੁੰਦਰੀ ਫੌਜ, ਇਸ ਸਾਲ ਆਪਣੇ ਬੇੜੇ ਵਿਚ, 18 ਜੰਗੀ ਜਹਾਜ਼ਾਂ ਨੂੰ ਸ਼ਾਮਿਲ ਕਰੇਗੀ.ਇਹ ਇਤਿਹਾਸ ‘ਚ ਇੱਕ ਸਾਲ ‘ਚ ਸਭ ਤੋਂ ਵੱਡਾ ਫੌਜੀ ਪਸਾਰ.

- ਵਪਾਰ ਤੇ ਸਨਅਤ ਮੰਤਰੀ ਪਿਊਸ਼ ਗੋਇਲ ਅੱਜ ਅਮਰੀਕਾ ਵਿੱਚ ਜੀ-20 ਦੇਸ਼ਾਂ ਦੇ ਮੰਤਰੀਆਂ ਨਾਲ ਇੱਕ ਮੀਟਿੰਗ ਵਿੱਚ ਹਿੱਸਾ ਲੈਣਗੇ.

- ਗ੍ਰਹਿ ਮੰਤਰੀ ਅਮਿਤ ਸ਼ਾਹ ਅੱਜ ਪੰਜਾਬ ਦੇ ਜਲੰਧਰ ਵਿੱਚ 'ਨਸ਼ਾ ਮੁਕਤ ਪੰਜਾਬ ਯਾਤਰਾਵਾਂ' ਦੀ ਸਮਾਪਤੀ ਮੌਕੇ ਸ਼ਾਮਿਲ ਹੋਣਗੇ.

- ਭਾਰਤ ਨੇ ਇੱਕ ਪ੍ਰਮਾਣੂ ਹਥਿਆਰ-ਮੁਕਤ ਸੰਸਾਰ ਅਤੇ ਸਾਰੇ ਪ੍ਰਮਾਣੂ ਹਥਿਆਰਾਂ ਦੇ ਸੰਪੂਰਨ ਖਾਤਮੇ ਪ੍ਰਤੀ ਆਪਣੀ ਵਚਨਬੱਧਤਾ ਦੁਹਰਾਈ ।

- ਜੰਮੂ-ਕਸ਼ਮੀਰ ਦੇ ਬਡਗਾਮ ਜ਼ਿਲ੍ਹੇ 'ਚ ਸੁਰੱਖਿਆ ਬਲਾਂ ਨਾਲ ਮੁਕਾਬਲੇ ਵਿੱਚ ਲਸ਼ਕਰ-ਏ-ਤੋਇਬਾ ਦਾ ਇੱਕ ਚੋਟੀ ਦਾ ਦਹਿਸ਼ਤਗਰਦ ਮਾਰਿਆ ਗਿਆ ਏ ।

- 2026 ਏਸ਼ੀਆਈ ਖੇਡਾਂ ਵਿੱਚ, ਭਾਰਤ ਦੀ ਔਰਤਾਂ ਦੀ ਕੰਪਾਊਂਡ ਤੀਰਅੰਦਾਜ਼ੀ ਟੀਮ ਨੇ ਚੀਨ ਨੂੰ ਹਰਾ ਕੇ ਸੋਨੇ ਦਾ ਤਮਗਾ ਜਿੱਤਿਆ ਏ.

---

**ਇਸ ਦੇ ਨਾਲ ਹੀ ਰਾਸ਼ਟਰੀ ਖਬਰਾਂ ਦਾ ਇਹ ਬੁਲੇਟਿਨ ਖਤਮ ਹੁੰਦਾ ਏ। ਸਾਡਾ ਅਗਲਾ ਪ੍ਰਾਦੇਸ਼ਿਕ ਖਬਰਾਂ ਦਾ ਬੁਲੇਟਿਨ ਦੁਪਹਿਰ ਬਾਅਦ 1 ਵਜ ਕੇ 10 ਮਿੰਟ 'ਤੇ ਹੋਏਗਾ। ਨਮਸਕਾਰ!**